11

# ਯਿਸੂ ਦੀ ਕਲੀਸੀਆ: ਮਿਸ਼ਨ

ਯਿਸੂ ਦੀ ਕਲੀਸੀਆ ਦੇ ਹੋਰ ਫ਼ਰਕ ਨਿਸ਼ਾਨਾਂ ਦਾ ਜ਼ਿਕਰ ਕੀਤਾ ਜਾ ਸਕਦਾ ਸੀ,[1] ਪਰ ਮੈਂ ਸਿਰਫ਼ ਇਕ ਹੋਰ ਗੱਲ ਤੇ ਚਰਚਾ ਕਰਾਂਗਾ। ਫਿਰ ਮੈਂ ਅਧਿਐਨ ਦੇ ਇਸ ਭਾਗ ਨੂੰ ਸਮੇਟ ਦਿਆਂਗਾ।

## ਕਲੀਸੀਆ ਲਈ ਚੁਣੌਤੀ

ਕਲੀਸੀਆ ਇਕ ਇਲਾਹੀ ਸੰਸਥਾ ਹੈ ਜਿਸ ਦਾ ਮਿਸ਼ਨ ਹੀ ਇਲਾਹੀ ਹੈ। ਯਿਸੂ ਨੇ ਆਪਣੇ ਮਿਸ਼ਨ ਨੂੰ ਇਨ੍ਹਾਂ ਸ਼ਬਦਾਂ ਵਿਚ ਦੱਸਿਆ ਹੈ: ''ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ'' (ਲੂਕਾ 19:10)। ਉਹਦੀ ਕਲੀਸੀਆ ਦਾ ਵੀ ਇਹੀ ਮਕਸਦ ਹੈ। ਬਹੁਤ ਸਾਰੇ ਮਕਸਦ ਹਨ ਪਰ ਮੁੱਖ ਸਿਰਫ਼ ਇੱਕੋ ਹੈ, ਸਵਰਗ ਵਿਚ ਜਾਣਾ। ''ਕਿਉਂਕਿ ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਪਰ ਆਪਣੀ ਜਾਨ ਦਾ ਨੁਕਸਾਨ ਕਰੇ?'' (ਮੱਤੀ 16:26)।

''ਗੁਆਚੇ ਹੋਏ ਨੂੰ ਭਾਲਣ'' ਦੀ ਕਲੀਸੀਆ ਨੂੰ ਚੁਣੌਤੀ ਨੂੰ ਘੱਟੋ ਘੱਟ ਤਿੰਨ ਜ਼ਿੰਮੇਵਾਰੀਆਂ ਵਿਚ ਵੰਡਿਆ ਜਾ ਸਕਦਾ ਹੈ:

(1) *ਇੰਜੀਲ ਦਾ ਪ੍ਰਚਾਰ।* ''ਇੰਜੀਲ ਦਾ ਪ੍ਰਚਾਰ'' ਤੋਂ ਭਾਵ ਹੈ ''ਯਿਸੂ [ਬਾਰੇ] ਦੀ ਖੁਸ਼ਖ਼ਬਰੀ ਦੱਸਣਾ।'' ਇੰਜੀਲ ਦੇ ਪ੍ਰਚਾਰ ਦਾ ਹੁਕਮ ਯਿਸੂ ਦੇ ਗ੍ਰੇਟ ਕਮਿਸ਼ਨ ਵਿਚ ਦਿੱਤਾ ਗਿਆ ਸੀ:

> ''ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਕਿ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ'' (ਮੱਤੀ 28:19, 20)।

> ... ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸ਼ਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਚਹਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪ੍ਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ'' (ਮਰਕੁਸ 16:15, 16)।

ਹਰ ਮਸੀਹੀ ਲਈ ਜ਼ਰੂਰੀ ਹੈ ਕਿ ਉਹ ਜਿਹਨੂੰ ਵੀ ਮਿਲੇ ਉਹਨੂੰ ਯਿਸੂ ਅਤੇ ਉਹਦੇ ਰਾਹ ਦੀ ਸਿੱਖਿਆ ਦਵੇ।

(2) *ਸੁਧਾਰ:* ''ਸੁਧਾਰ'' ਸ਼ਬਦ ਦਾ ਅਰਥ ''ਬਣਾਉਣਾ'' ਹੈ। ਮਸੀਹੀ ਲੋਕਾਂ ਲਈ ਸਿੱਖਿਆ ਅਤੇ ਉਤਸ਼ਾਹ ਦੇ ਕੇ ਇਕ ਦੂਜੇ ਨੂੰ ਬਣਾਉਣਾ ਜ਼ਰੂਰੀ ਹੈ। ਇਕ ਜਗ੍ਹਾ ਜਿੱਥੇ ਇਹ ਚੁਣੌਤੀ ਮਿਲਦੀ ਹੈ ਉਹ ਅਫ਼ਸੀਆਂ 4:15, 16 ਹੈ:

> ... ਸਗੋਂ ਅਸੀਂ ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ ਉਸ ਵਿਚ ਜੋ ਸਿਰ ਹੈ ਅਰਥਾਤ ਮਸੀਹ ਵਿਚ ਹਰ ਤਰਾਂ ਵਧਦੇ ਜਾਈਏ। ਜਿਸ ਤੋਂ ਸਾਰੀ ਦੇਹੀ ਹਰੇਕ ਜੋੜ ਦੀ ਮੱਦਦ ਨਾਲ ਠੀਕ ਠੀਕ ਜੁੜ ਕੇ ਅਤੇ ਇਕ ਸੰਗ ਮਿਲ ਕੇ ਇਕ ਇਕ ਅੰਗ ਦੇ ਵੱਲ ਕੰਮ ਕਰਨ ਅਨੁਸਾਰ ਆਪਣੇ ਆਪ ਨੂੰ ਵਧਾਈ ਜਾਂਦੀ ਹੈ ਕਿ ਉਹ ਪ੍ਰੇਮ ਵਿਚ ਆਪਣੀ ਉਸਾਰੀ ਕਰੇ।

(3) *ਉਪਕਾਰ:* ''ਉਪਕਾਰ'' ਸ਼ਬਦ ਤੋਂ ਭਾਵ ਦੂਜਿਆਂ ਦੀ ਮਦਦ ਕਰਨਾ ਹੈ ਕਿਉਂਕਿ ਅਸੀਂ ''ਉਨ੍ਹਾਂ ਦਾ ਭਲਾ ਚਾਹੁੰਦੇ ਹਾਂ।'' ਉਪਕਾਰ ਨੂੰ ਆਮ ਤੌਰ ਤੇ ਜ਼ਰੂਰਤਮੰਦ ਲੋਕਾਂ ਦੀਆਂ ਲੋੜਾਂ ਪੂਰਾ ਕਰਨਾ ਕਿਹਾ ਜਾਂਦਾ ਹੈ, ਜਿਸ ਵਿਚ ਉਨ੍ਹਾਂ ਦੀਆਂ ਭੋਜਨ ਅਤੇ ਕਪੜਾ ਆਦਿ ਵਰਗੀਆਂ ਜਿਸਮਾਨੀ ਲੋੜਾਂ ਸ਼ਾਮਲ ਹਨ। ਨਵੇਂ ਨੇਮ ਦੀਆਂ ਬਹੁਤ ਸਾਰੀਆਂ ਆਇਤਾਂ ਦੂਜਿਆਂ ਦੀ ਮਦਦ ਦੀ ਜ਼ਿੰਮੇਵਾਰੀ ਬਾਰੇ ਦੱਸਦੀਆਂ ਹਨ।

> ਸਾਡੇ ਪ੍ਰਮੇਸ਼ਵਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਕਿ ਅਨਾਥਾਂ ਅਤੇ ਵਿਧਵਾਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ (ਯਾਕੂਬ 1:27)।
>
> ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ਪਰ ਨਿੱਜ ਕਰਕੇ ਨਿਹਚਾਵਾਨਾਂ ਦੇ ਨਾਲ (ਗਲਾਤੀਆਂ 6:10)।

ਕਿਸੇ ਵੀ ਕਲੀਸੀਆ ਲਈ ਬਹੁਤ ਸਾਰੇ ਕੰਮਾਂ ਵਿਚ ਉਲਝ ਜਾਣਾ ਅਤੇ ਖ਼ੁਦਾ ਵੱਲੋਂ ਦਿੱਤੇ ਮਕਸਦ ਨੂੰ ਭੁੱਲ ਜਾਣਾ ਬਹੁਤ ਅਸਾਨ ਹੈ।

## ਤੁਹਾਡੇ ਲਈ ਇਕ ਚੁਣੌਤੀ

ਆਪਣੇ ਅਧਿਐਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ, ਇਹਨੂੰ ਨਿੱਜੀ ਅਤੇ ਵਿਹਾਰਕ ਬਣਾਉਣਾ ਜ਼ਰੂਰੀ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਯਿਸੂ ਦੀ ਕਲੀਸੀਆ ਤੇ ਛੇ ਪਾਠਾਂ (ਇਹਨੂੰ ਮਿਲਾ ਕੇ) ਤੇ ਫੇਰ ਤੋਂ ਵਿਚਾਰ ਕਰੋ। ਫਿਰ ਮੈਂ ਚਾਹਾਂਗਾ ਕਿ ਤੁਸੀਂ ਕੁਝ ਧਾਰਮਿਕ ਸੰਗਠਨਾਂ ਦੀ ਤੁਲਨਾ ਪ੍ਰਭੂ ਦੀ ਕਲੀਸੀਆ ਨਾਲ ਕਰੋ, ਜਿਸ ਬਾਰੇ ਨਵਾਂ ਨੇਮ ਸਾਨੂੰ ਦੱਸਦਾ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਕਰਨ ਲਈ ਤੁਸੀਂ ਕਿਸ ਸੰਗਠਨ ਨੂੰ ਚੁਣਦੇ ਹੋ। (ਇਹ ਤੁਹਾਡਾ ਪਸੰਦੀਦਾ ਸੰਗਠਨ ਵੀ ਹੋ ਸਕਦਾ ਹੈ ਅਤੇ ਤੁਹਾਨੂੰ ਨਾਪਸੰਦ ਸੰਗਠਨ ਵੀ) ਇਹ ਅਧਿਐਨ ਤੁਹਾਨੂੰ ਬਾਰੀਕੀ ਨਾਲ ਫ਼ਰਕ ਕਰਨ ਵਿਚ ਉਤਸ਼ਾਹਿਤ ਕਰਨ ਲਈ ਹੈ। ਤੁਲਨਾ

ਕਰਨ ਵਿਚ ਆਪਣੀ ਮਦਦ ਲਈ ਪਹਿਲਾਂ ਸਵਾਲਾਂ ਦੀ ਇਕ ਸੂਚੀ ਬਣਾ ਲਓ।

ਤੁਹਾਨੂੰ ਹੇਠ ਲਿਖੇ ਆਮ ਸਵਾਲ ਪੁੱਛਣੇ ਚਾਹੀਦੇ ਹਨ:

- ਕੀ ਇਹ ਕਲੀਸੀਆ ਪ੍ਰਮੇਸ਼ਵਰ ਦਾ ਭੈ ਮੰਨਣ ਵਾਲੀ ਹੈ ਜਿਹੜੀ ਪ੍ਰਮੇਸ਼ਵਰ ਵਿਚ, ਯਿਸੂ ਵਿਚ ਅਤੇ ਬਾਈਬਲ ਵਿਚ ਵਿਸ਼ਵਾਸ ਰੱਖਦੀ ਹੈ?
- ਕੀ ਇਹ ਪ੍ਰਮੇਸ਼ਵਰ ਨੂੰ ਭਾਉਣ ਅਤੇ ਲੋਕਾਂ ਨੂੰ ਮਜ਼ਬੂਤ ਕਰਨ ਲਈ ਸਮਰਪਤ ਹੈ?

ਅਧਿਐਨ ਨਾਲ ਜੁੜੇ ਖ਼ਾਸ ਸਵਾਲ ਵੀ ਪੁੱਛੋ:

- ਕੀ ਇਸ ਕਲੀਸੀਆ ਦਾ ਸਿਰਲੇਖ ਜਾਂ ਨਾਂ ਬਾਈਬਲ ਅਨੁਸਾਰ ਹੈ?
- ਕੀ ਇਸ ਕਲੀਸੀਆ ਦਾ ਸੰਗਠਨ ਬਾਈਬਲ ਅਨੁਸਾਰ ਹੈ?
- ਕੀ ਇਸ ਦੇ ਪ੍ਰਚਾਰਕਾਂ ਨੂੰ ''ਪਾਸਟਰ ਜਾਂ ਪਾਦਰੀ'' ਕਿਹਾ ਜਾਂਦਾ ਹੈ?
- ਕੀ ਉਹ ਆਪਣੇ ਨਾਂ ਨਾਲ ਬਾਈਬਲ ਤੋਂ ਬਾਹਰ ਦੀਆਂ ਉਪਾਧੀਆਂ ਲਾਉਂਦੇ ਹਨ ਜਿਵੇਂ ''ਰੈਵਰੇਂਡ''?
- ਕੀ ਇਹ ਕਲੀਸੀਆ ਵਚਨ ਅਨੁਸਾਰ ਬੰਦਗੀ ਕਰਦੀ ਹੈ? ਕੀ ਇਹ ਹਰ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਲੈਂਦੀ ਹੈ? ਕੀ ਇਹ ਬੰਦਗੀ ਵਿਚ ਸਿਰਫ਼ ਗਲੇ ਦੇ ਸੰਗੀਤ ਦੀ ਵਰਤੋਂ ਕਰਦੀ ਹੈ?

ਸਵਾਲਾਂ ਦੀ ਸੂਚੀ ਬਣਾਉਂਦਿਆਂ ਉਨ੍ਹਾਂ ਗੱਲਾਂ ਨੂੰ ਅਣਗੌਲਿਆਂ ਨਾ ਕਰੋ, ਜਿਨ੍ਹਾਂ ਦਾ ਕਲੀਸੀਆ ਨਾਲ ਗਹਿਰਾ ਸਬੰਧ ਹੈ, ਯਿਸੂ ਨੇ ਕਿਹਾ ਸੀ:

> ... ਤੂੰ ਪ੍ਰਭੂ ਆਪਣੇ ਪ੍ਰਮੇਸ਼ਵਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ। ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। ਅਤੇ ਦੂਆ ਇਹ ਦੇ ਵਾਂਗੂੰ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ (ਮੱਤੀ 22:37-39)।

ਕੰਮ ਦੇ ਨਾਲ ਤੁਹਾਨੂੰ ਬੰਦਗੀ ਵੀ ਕਰਨੀ ਚਾਹੀਦੀ ਹੈ ਜਿੱਥੇ ਤੁਹਾਨੂੰ ਇਹੋ ਜਿਹੇ ਹੁਕਮਾਂ ਨੂੰ ਮੰਨਣ ਦੀ ਦਿਲੇਰੀ ਮਿਲੇਗੀ।

ਇਸ ਅਭਿਆਸ ਦੇ ਆਖ਼ਰੀ ਹਿੱਸੇ ਦੇ ਰੂਪ ਵਿਚ, ਸਥਾਨਕ ਮਸੀਹ ਦੀ ਕਲੀਸੀਆ ਜਾਂ ਚਰਚ ਆਫ਼ ਕ੍ਰਾਈਸਟ ਨਾਲ ਆਪਣੀ ਸੂਚੀ ਮਿਲਾਓ। ਮਸੀਹ ਦੀਆਂ ਕਲੀਸੀਆਵਾਂ ਪਹਿਲੀ ਸਦੀ ਦੀ ਕਲੀਸੀਆ ਨੂੰ ਬਹਾਲ ਕਰਨ ਦਾ ਦਾਅਵਾ ਕਰਦੀਆਂ ਹਨ।ਮਸੀਹ ਦੀਆਂ ਕਲੀਸੀਆਵਾਂ ''ਜਿੱਥੇ ਬਾਈਬਲ ਬੋਲਦੀ ਹੈ ਉੱਥੇ ਬੋਲਣਾ'' ਅਤੇ ''ਜਿੱਥੇ ਬਾਈਬਲ ਚੁੱਪ ਹੈ ਉੱਥੇ ਚੁੱਪ ਰਹਿਣ'' ਦਾ ਦਾਅਵਾ ਕਰਦੀਆਂ ਹਨ। ਉਨ੍ਹਾਂ ਦੇ ਦਾਅਵਿਆਂ ਨੂੰ ਚੁਣੌਤੀ ਦਿਓ (ਰਸੂਲਾਂ ਦੇ ਕੰਮ 17:11)।

## ਸਾਰ

ਪ੍ਰਭੂ ਯਿਸੂ ਮਸੀਹ ਦੀ ਕਲੀਸੀਆ ਪ੍ਰਮੇਸ਼ਵਰ ਦੀ ''ਸਦੀਪਕ ਮਨਸ਼ਾ'' ਦਾ ਭਾਗ ਸੀ (ਅਫ਼ਸੀਆਂ 3:10, 11)। ''ਪ੍ਰਮੇਸ਼ਵਰ ਦਾ ਨਾਨਾ ਪ੍ਰਕਾਰ ਦਾ ਗਿਆਨ'' ''ਕਲੀਸੀਆ ਦੇ ਰਾਹੀਂ'' ਹੀ ਪ੍ਰਗਟ ਕੀਤਾ ਗਿਆ ਹੈ (ਅਫ਼ਸੀਆਂ 3:10)। ਕਲੀਸੀਆ ਵਿਚ ਪ੍ਰਮੇਸ਼ਵਰ ਦੀ ਮਹਿਮਾ ਚਮਕਦੀ ਹੈ (ਅਫ਼ਸੀਆਂ 3:21)। ਕਲੀਸੀਆ ''ਸਚਿਆਈ ਦਾ ਥੰਮ੍ਹ ਅਤੇ ਨੀਂਹ'' (1 ਤਿਮੋਥਿਉਸ 3:15) ਹੈ। ਮੈਨੂੰ ਆਸ ਹੈ ਕਿ ਕਲੀਸੀਆ ਦਾ ਇਹ ਅਧਿਐਨ ਤੁਹਾਨੂੰ ਪਸੰਦ ਆਇਆ ਹੈ। ਜੇ ਇਹ ਪ੍ਰਮੇਸ਼ਵਰ ਦਾ ਜ਼ਬਰਦਸਤ ਅਤੇ ਸ਼ਾਨਦਾਰ ਪ੍ਰਬੰਧ।

ਅੱਜ ਪ੍ਰਭੂ ਦੀ ਕਲੀਸੀਆ ਨੂੰ ਪਛਾਣਨਾ ਅਤੇ ਉਹਦੇ ਮੈਂਬਰ ਬਣਨਾ ਬਹੁਤ ਵੱਡੀ ਗੱਲ ਹੈ। ਕੀ ਕਲੀਸੀਆਵਾਂ ਦੀ ਬਹੁਤਾਇਤ ਕਾਰਣ ਤੁਸੀਂ ਉਲਝਣ ਵਿਚ ਹੋ? ਹਾਂ। ਭਲਾ ਐਨੀ ਉਲਝਣ ਵਿਚ ਪ੍ਰਭੂ ਯਿਸੂ ਦੀ ਕਲੀਸੀਆ ਨੂੰ ਲੱਭਣਾ ਅਸਾਨ ਹੈ? ਨਹੀਂ। ਫਿਰ ਵੀ ਪ੍ਰਮੇਸ਼ਵਰ ਦੀ ਮਦਦ ਨਾਲ, ਤੁਸੀਂ ਇਸ ਨੂੰ ਲੱਭ ਸਕਦੇ ਹੋ। ਪੌਲੁਸ ਵਾਂਗ, ਜਿਸ ਨੇ ਕਿਹਾ, ''ਉਹਦੇ ਵਿਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸਕਦਾ ਹਾਂ'' (ਫਿਲਿੱਪੀਆਂ 4:13) ਸਪਸ਼ਟ ਰੁਖ਼ ਅਪਣਾ ਕੇ।

---

ਟਿੱਪਣੀ

[1]ਪ੍ਰਭੂ ਦੀ ਕਲੀਸੀਆ ਦੀ ਪਛਾਣ ਲਈ ਪੁੱਛੇ ਜਾਣ ਵਾਲੇ ਨਿਸ਼ਾਨਾਂ ਵਿਚ ਇਹ ਵੀ ਸ਼ਾਮਲ ਹੋ ਸਕਦਾ ਹੈ ਕਿ ਇਹ ਕਦੋਂ ਅਤੇ ਕਿੱਥੇ ਬਣੀ (ਰਸੂਲਾਂ ਦੇ ਕੰਮ 2) ਅਤੇ ਕਲੀਸੀਆ ਦੇ ਇਕ ਹੋਣ ਤੇ ਕਿੰਨਾ ਕੁ ਜ਼ੋਰ ਦਿੰਦੀ ਹੈ (ਯੂਹੰਨਾ 17:20, 21; 1 ਕੁਰਿੰਥੀਆਂ 1:10-13; ਅਫ਼ਸੀਆਂ 4:4-6)।